ਪੰਜਾਬੀ ਪ੍ਰਕਾਸ਼ਨ

॥ ੴ ਸਤਿਗੁਰ ਪ੍ਰਸਾਦਿ ॥

# ਗੁਰਮਤਿ ਸਟੱਡੀ

Gurmat Study

ਮਾਸਿਕ ਈ-ਜ਼ਾਇਨ : ਅੰਕ ੨, ਸਾਲ ੧ | ਅਕਤੂਬਰ ੨੦੦੬ | ਅੱਸੂ - ਕੱਤਕ ਸੰਮਤ ਨਾਨਕਸ਼ਾਹੀ ੫੩੮

## ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ

**੯ ਅਕਤੂਬਰ**
ਪ੍ਰਕਾਸ਼
ਗੁਰੂ ਰਾਮਦਾਸ ਜੀ

**੨੦ ਅਕਤੂਬਰ**
ਗੁਰ ਗੱਦੀ
ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

ਜੋਤੀ ਜੋਤਿ
ਗੁਰੂ ਹਰਿਰਾਇ ਸਾਹਿਬ ਜੀ

ਗੁਰ ਗੱਦੀ
ਗੁਰੂ ਗ੍ਰੰਥ ਸਾਹਿਬ ਜੀ

**੨੧ ਅਕਤੂਬਰ**
ਜੋਤੀ ਜੋਤਿ
ਗੁਰੂ ਗੋਬਿੰਦ ਸਿੰਘ ਜੀ

ਜਨਮ
ਬਾਬਾ ਬੁੱਢਾ ਜੀ
(ਕਥੂਨੰਗਲ)

**੨੮ ਅਕਤੂਬਰ**
ਸਾਕਾ - ਪੰਜਾ ਸਾਹਿਬ



**ਗੁਰ ਪਾਰਸ ਹਮ ਲੋਹ ਮਿਲਿ ਕੰਚਨੁ ਹੋਇਆ ਰਾਮ ॥**

(ਤੁਖਾਰੀ ਛੰਤ ਮਹਲਾ ੪ - ਅੰਗ ੧੧੧੪)

## ਸੰਪਾਦਕੀ

॥ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਫਤਿਹ ॥

ਸੰਪਾਦਕੀ ਬੋਰਡ, ਮੈਂਬਰਾਂ ਦੇ ਉਤਸ਼ਾਹ ਭਰਪੂਰ ਹੁੰਗਾਰੇ ਦਾ ਨਿੱਘਾ ਧੰਨਵਾਦ ਕਰਦੇ ਹੋਏ ਈ-ਜ਼ਾਇਨ ਦਾ ਅਗਲਾ ਪ੍ਰਕਾਸ਼ਨ ਲੈ ਕੇ ਆਪ ਜੀ ਦੀ ਸੇਵਾ ਵਿੱਚ ਹਾਜ਼ਿਰ ਹੈ, ਇਹ ਦੂਸਰਾ ਪ੍ਰਕਾਸ਼ਨ ੨੦ ਅਕਤੂਬਰ ਨੂੰ ਆ ਰਹੇ ਗੁਰੂ ਗ੍ਰੰਥ ਸਾਹਿਬ ਜੀ ਦੇ "ਗੁਰ ਗੱਦੀ ਪ੍ਰਕਾਸ਼ ਪੁਰਬ" ਨੂੰ ਸਮਰਪਿਤ ਹੈ ।

**ਪਉੜੀ ॥**

**ਤਿਸੁ ਗੁਰ ਕਉ ਹਉ ਵਾਰਿਆ ਜਿਨਿ ਹਰਿ ਕੀ ਹਰਿ ਕਥਾ ਸੁਣਾਈ ॥**
**ਤਿਸੁ ਗੁਰ ਕਉ ਸਦ ਬਲਿਹਾਰਣੈ ਜਿਨਿ ਹਰਿ ਸੇਵਾ ਬਣਤ ਬਣਾਈ ॥**
**ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ ਜਿਥੈ ਕਿਥੈ ਮੈਨੋ ਲਏ ਛਡਾਈ ॥**
**ਤਿਸੁ ਗੁਰ ਕਉ ਸਾਬਾਸਿ ਹੈ ਜਿਨਿ ਹਰਿ ਸੋਝੀ ਪਾਈ ॥**
**ਨਾਨਕੁ ਗੁਰ ਵਿਟਹੁ ਵਾਰਿਆ ਜਿਨਿ ਹਰਿ ਨਾਮੁ ਦੀਆ ਮੇਰੇ ਮਨ ਕੀ ਆਸ ਪੁਰਾਈ ॥ ੫ ॥**
**(ਅੰਗ ੫੮੭ - ੫੮੮ ਮ: ੩)**

ਮੈਂ ਸਦਕੇ ਹਾਂ ਉਸ ਸਤਿਗੁਰੂ ਤੋਂ, ਜਿਸ ਨੇ ਪ੍ਰਭੂ ਦੀ ਗੱਲ ਸੁਣਾਈ ਹੈ, ਤੇ ਜਿਸ ਨੇ ਪ੍ਰਭੂ ਦੀ ਭਗਤੀ ਦੀ ਰੀਤ ਚਲਾਈ ਹੈ। ਉਹ ਪਿਆਰਾ ਸਤਿਗੁਰੂ ਮੇਰੇ ਅੰਗ ਸੰਗ ਹੈ, ਸਭ ਥਾਈਂ ਮੈਨੂੰ (ਵਿਕਾਰਾਂ ਤੋਂ) ਛੁਡਾ ਲੈਂਦਾ ਹੈ; ਧੰਨਵਾਦ ਹੈ ਉਸ ਸਤਿਗੁਰੂ ਦਾ, ਜਿਸ ਨੇ ਮੈਨੂੰ ਪਰਮਾਤਮਾ ਦੀ ਸੂਝ ਪਾਈ ਹੈ । ਜਿਸ ਗੁਰੂ ਨੇ ਮੈਨੂੰ ਪਰਮਾਤਮਾ ਦੇ ਨਾਮ ਦੀ ਸੋਝੀ ਦਿੱਤੀ ਹੈ ਤੇ ਮੇਰੇ ਮਨ ਦੀ ਆਸ ਪੂਰੀ ਕੀਤੀ ਹੈ ਮੈਂ ਨਾਨਕ ਉਸ (ਸ਼ਬਦ-ਗੁਰੂ) ਤੋਂ ਸਦਕੇ ਹਾਂ ।੫।

ਜਰੂਰੀ ਬੇਨਤੀ:

ਜੇ ਆਪ ਜੀ ਕੋਲ ਇਸ ਦੀ ਪ੍ਰਿੰਟ ਕਾਪੀ ਹੈ ਤਾਂ ਇਸ ਨੂੰ ਆਦਰ ਸਤਿਕਾਰ ਨਾਲ ਰਖਨਾ, ਇਸ ਵਿਚ ਗੁਰਬਾਣੀ ਹੈ, ਕ੍ਰਿਪਾ ਕਰਕੇ ਇਸ ਨੂੰ ਫਾੜਨਾ - ਸੁਟਣਾ ਨਹੀ ।

## ਗੁਰੂ : ਇਕ ਰੁਹਾਨੀ ਪ੍ਰਕਾਸ਼




ਭਾਰਤ ਵਿੱਚ 'ਗੁਰੂ' ਅੱਖਰ ਇਤਨਾ ਪ੍ਰਚਲਿਤ (ਹਰਮਨ ਪਿਆਰਾ) ਹੈ ਕਿ ਸਿੱਖ ਧਰਮ ਦੇ 'ਗੁਰੂ' ਅੱਖਰ ਦੇ ਮੂਲ ਰੂਪ ਨੂੰ ਵਿਚਾਰਨ ਤੋਂ ਪਹਿਲਾਂ, ਸਾਰੀ ਪ੍ਰਚਲਿਤ ਵਿਚਾਰਾਂ (ਪਰਿਭਾਸ਼ਾਵਾਂ) ਨੂੰ ਅਪਣੇ ਮਨਾਂ ਵਿੱਚੋਂ ਕੱਢਣਾ ਪਵੇਗਾ। ਪਰਮਪਰਾਗਤ ਤੌਰ ਤੇ 'ਗੁਰੂ' ਅੱਖਰ ਭਾਰਤ ਵਿੱਚ - ਬ੍ਰਾਹਮਣ, ਗਾਈਡ, ਸਕੂਲ ਦਾ ਅਧਿਆਪਕ ਜਾਂ ਯੋਗ ਵਿਦਿਆ ਸਿਖਾਣ ਵਾਲੇ ਮਨੁਖ ਲਈ ਵਰਤਿਆ ਜਾਂਦਾ ਰਿਹਾ ਹੈ। ਇਸ ਕਰਕੇ ਇਹ ਅੱਖਰ ਇੰਨਾਂ ਬੇਅਰਥ ਹੋ ਗਿਆ ਹੈ ਕਿ ਵਿਦਵਾਨਾਂ ਨੂੰ ਕਹਿਣਾ ਪਿਆ ਕਿ ਇਹ ਲੋਕ ਗੁਰੂ ਨਹੀ ਹਨ, ਦੀਵਾ ਬੁੱਝਣ ਤੋਂ ਬਾਦ ਦੀ ਦੁਰਗੰਧ ਹੀ ਹਨ। ( ਇਹ ਤਾਂ ਸੂਰਜ ਅੱਗੇ ਮੋਮਬੱਤੀ ਸਮਾਨ ਹੀ ਹਨ )

ਸਿੱਖ ਧਰਮ ਵਿੱਚ ਗੁਰੂ ਅੱਖਰ ਕਿਸੇ ਅਧਿਆਪਕ, ਗਾਈਡ, ਵਿਦਵਾਨ, ਵਿਚਾਰਕ ਜਾਂ ਕਿਸੇ ਦੇਹਧਾਰੀ ਸਰੀਰ ਵਾਸਤੇ ਨਹੀਂ ਵਰਤਿਆ ਗਿਆ, ਇਹ ਤਾਂ ਦੋ ਸ਼ਬਦਾਂ ਦਾ ਜੋੜ ਹੈ :-

ਗੁ - ਹਨੇਰਾ, ਰੂ - ਚਾਨਣਾ ।

ਇਸ ਕਰਕੇ ਸਿੱਖ ਧਰਮ ਵਿੱਚ ਗੁਰੂ ਅੱਖਰ ਦੇ ਅਰਥ ਹਨ: ਓਹ ਰੋਸ਼ਨੀ (ਚਾਨਣਾ) ਜੋ ਸਾਰੇ ਅੰਧਕਾਰ ਨੂੰ ਦੂਰ ਕਰ ਦਿੰਦੀ ਹੈ। ਇਸੇ ਰੋਸ਼ਨੀ ਨੂੰ ਸ਼ਬਦ-ਗੁਰੂ, ਜੋਤਿ ਜਾਂ ਰੂਹਾਨੀ ਪ੍ਰਕਾਸ਼ ਦੇ ਨਾਮ ਨਾਲ ਸੰਬੋਧਨ ਕੀਤਾ ਗਿਆ ਹੈ। ਇਹ ਰੂਹਾਨੀ ਜੋਤਿ ਗੁਰੂ ਨਾਨਕ ਦੇਵ ਜੀ ਦੇ ਸਰੀਰ ਰਾਹੀਂ ਪ੍ਰਗਟੀ ਹੈ ।

**ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ** ॥ (ਗੁਰੂ ਗ੍ਰੰਥ ਸਾਹਿਬ ਜੀ, ਅੰਗ ੭੬੩)

ਗੁਰੂ ਨਾਨਕ ਦੇਵ ਜੀ / ਦਸਾਂ ਗੁਰੂਆਂ ਦੇ ਰਾਹੀਂ ਪ੍ਰਗਟੀ ਸ਼ਬਦ-ਗੁਰੂ ਦੀ ਜੋਤਿ ਹੀ ਉਸ ਨਿਰੰਕਾਰ ਅਕਾਲਪੁਰਖ ਦਾ ਪ੍ਰਤਖ ਰੂਪ ਹੈ। ਜਦੋਂ ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆਂ (ਪਰਚਾਰ ਯਾਤਰਾਵਾਂ) ਦੌਰਾਨ ਸੁਮੇਰ ਪਰਬਤ ਉੱਪਰ ਜਾ ਕੇ ਸਿੱਧਾਂ ਨੂੰ ਮਿਲੇ ਤਾਂ ਸਿੱਧਾਂ ਨੇ ਗੁਰੂ ਜੀ ਦੀ ਅਜ਼ਮਤ ਦੇਖ ਕੇ ਕਿਹਾ ਕਿ :

**ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ** ॥ (ਗੁਰੂ ਗ੍ਰੰਥ ਸਾਹਿਬ ਜੀ, ਅੰਗ ੯੪੨)

ਤਾਂ ਉਸ ਸਮੇਂ ਗੁਰੂ ਪਾਤਸ਼ਾਹ ਨੇ ਕਿਹਾ ਸੀ ਕਿ ਭਾਈ ਮੇਰੇ ਲਈ ਤਾਂ :

**ਸਬਦੁ ਗੁਰੂ ਸੁਰਤਿ ਧੁਨਿ ਚੇਲਾ** ॥ (ਗੁਰੂ ਗ੍ਰੰਥ ਸਾਹਿਬ ਜੀ, ਅੰਗ ੯੪੩)

ਹੀ ਹੈ। ਇਸ ਤੋਂ ਪਤਾ ਲਗਦਾ ਹੈ ਕਿ ਸ਼ਬਦ-ਗੁਰੂ ਦੀ ਸਿੱਖ ਧਰਮ ਵਿਚ ਕਿੰਨੀ ਮਹੱਤਤਾ ਤੇ ਪਰਪੱਕਤਾ ਹੈ ।

ਸਿੱਖ ਧਰਮ ਵਿੱਚ ਗੁਰੂ, ਇਹ ਸ਼ਬਦ-ਗੁਰੂ ਹੀ ਹੈ ਜਿਸ ਵਿੱਚ ਅਕਾਲ ਪੁਰਖ ਦੀ ਜੋਤਿ ਪੂਰਨ ਅਤੇ ਪਰਤੱਖ ਤੌਰ ਤੇ ਸਮਾਈ ਹੋਈ ਹੈ। ਗੁਰੂ ਅਕਾਲ ਪੁਰਖ ਨਾਲ ਇੱਕ-ਮਿੱਕ ਹੈ। ਇਹ ਆਪਣੇ ਸ਼ਰਧਾਲੂਆਂ ਅਤੇ ਸੱਚ ਨੂੰ ਪਾਉਣ ਵਾਲੇ ਜਗਿਆਸੂਆਂ ਨੂੰ ਅਧਿਆਤਮਕ ਜੀਵਨ ਦਾ ਰਸਤਾ ਦਰਸਾਉਂਦਾ ਹੈ। ਇਸੇ ਸ਼ਬਦ-ਗੁਰੂ ਰਾਹੀਂ ਅਕਾਲ ਪੁਰਖ ਦੀ ਮਹਾਨਤਾ ਮਾਨਵਤਾ ਤਕ ਪਹੁੰਚਦੀ ਹੈ।

ਗੁਰੂ ਨਾਨਕ ਦੇਵ ਜੀ ਦੇ ਸਰੀਰ ਨੂੰ ਆਧਾਰ ਬਣਾ ਕੇ ਅਕਾਲ ਪੁਰਖ ਆਪੇ ਬੋਲਿਆ ਤੇ ਆਪਣੇ ਸੁਨੇਹੇ -ਗੁਰਬਾਣੀ (ਸ਼ਬਦ-ਗੁਰੂ) ਨੂੰ ਆਪ ਇਸ ਸੰਸਾਰ ਵਿਚ ਵਰਤਾਇਆ । ਅਕਾਲ ਪੁਰਖ ਨੇ ਆਪਣੇ ਆਪ ਨੂੰ ਸ਼ਬਦ-ਗੁਰੂ ਰਾਹੀਂ ਪੂਰੀ ਤਰ੍ਹਾਂ ਦਰਸਾਇਆ ਹੈ।

**ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ॥** (ਗੁਰੂ ਗ੍ਰੰਥ ਸਾਹਿਬ ਜੀ, ਅੰਗ ੧੨੭੯)

ਗੁਰਬਾਣੀ ਵਿਚ ਹੋਰ ਇਕ ਥਾਂ ਤੇ ਇਸ ਦਾ ਜ਼ਿਕਰ ਇਸ ਤਰ੍ਹਾਂ ਆਉਂਦਾ ਹੈ ।

**ਗੁਰ ਮਹਿ ਆਪੁ ਰਖਿਆ ਕਰਤਾਰੇ** ॥ (ਗੁਰੂ ਗ੍ਰੰਥ ਸਾਹਿਬ ਜੀ, ਅੰਗ ੧੦੨੪)

ਅਕਾਲ ਪੁਰਖ ਗੁਰੂ ਵਿੱਚ ਓਤ-ਪੋਤ ਹੈ। ਹਾਲਾਂਕਿ ਅਕਾਲ ਪੁਰਖ ਹਰ ਥਾਂ ਅਤੇ ਹਰ ਜੀਵ ਅੰਦਰ ਮੌਜੂਦ ਹੈ ਪਰ ਉਸ ਦੇ ਗੁਣ, ਲਛਣ ਸ਼ਬਦ-ਗੁਰੂ ਰਾਹੀਂ ਹੀ ਪਰਤੱਖ ਰੂਪ ਵਿਚ ਪ੍ਰਕਾਸ਼ਮਾਨ ਹੁੰਦੇ ਹਨ। ਇਸ ਕਰਕੇ ਹੀ ਸ਼ਬਦ-ਗੁਰੂ ਦੀ ਜੋਤਿ ਜੋ ਦਸਾਂ ਗੁਰੂਆਂ ਰਾਹੀਂ ਪ੍ਰਗਟੀ ਹੈ ਅਤੇ ਅਕਾਲ ਪੁਰਖ ਦੀ ਮੂਲ ਜੋਤਿ ਦੋਨੋ ਇੱਕ ਰੂਪ ਹੀ ਹਨ, ਇਹਨਾਂ ਵਿੱਚ ਕੋਈ ਭੇਦ ਨਹੀ ਹੈ।

**ਗੁਰੁ ਨਾਨਕੁ ਨਾਨਕੁ ਹਰਿ ਸੋਇ** ॥ (ਗੁਰੂ ਗ੍ਰੰਥ ਸਾਹਿਬ ਜੀ, ਅੰਗ ੮੬੪-੮੬੫)

ਗੁਰੂ ਨਾਨਕ ਦੇਵ ਜੀ ਨੇ ਇਹ ਕਦੇ ਵੀ ਨਹੀਂ ਕਿਹਾ ਕਿ ਮੇਰੇ ਸ਼ਰਧਾਲੂਆਂ (ਸਿੱਖਾਂ) ਨੂੰ ਹੀ ਮੁਕਤੀ ਪ੍ਰਾਪਤ ਹੋਏਗੀ । ਗੁਰੂ ਨਾਨਕ ਦੇਵ ਜੀ ਰਾਹੀਂ ਪ੍ਰਗਟੀ (ਸ਼ਬਦ-ਗੁਰੂ) ਅਕਾਲ ਪੁਰਖ ਦੀ ਰੂਹਾਨੀ ਜੋਤਿ ਕਿਸੇ ਇੱਕ ਮਜ਼ਹਬ ਜਾਂ ਧਰਮ ਨਾਲ ਸੰਬੰਧ ਨਹੀਂ ਰਖਦੀ, ਸਗੋਂ ਗੁਰੂ ਨਾਨਕ ਦੇਵ ਜੀ ਨੇ ਆਪ ਸੰਪੂਰਨ ਮਾਨਵਜਾਤੀ ਨੂੰ ਸੰਬੋਧਨ ਕਰਦੇ ਅਤੇ ਭਰੋਸਾ ਦਿੰਦੇ ਹੋਏ ਕਿਹਾ, "ਜੋ ਕੋਈ ਵੀ ਉਸ ਇੱਕ ਅਕਾਲ ਪੁਰਖ (ਨਿਰੰਕਾਰ) ਦਾ ਸਿਮਰਨ ਕਰੇਗਾ ਭਾਵ ਉਸਦੀ ਸਿਫ਼ਤ-ਸਾਲਾਹਿ ਕਰੇਗਾ, ਉਹ ਜੀਵ ਜਨਮ ਮਰਨ ਦੇ ਗੇੜੇ ਤੋਂ ਮੁਕਤ ਹੋ ਜਾਏਗਾ। "

**ਜੋ ਜੋ ਜਪੈ ਸੁ ਹੋਇ ਪੁਨੀਤ ॥ ਭਗਤਿ ਭਾਇ ਲਾਵੈ ਮਨ ਹੀਤ** ॥ (ਗੁਰੂ ਗ੍ਰੰਥ ਸਾਹਿਬ ਜੀ, ਅੰਗ ੨੯੦)

## ਜਰੂਰੀ ਬੇਨਤੀ:

ਜੇ ਆਪ ਜੀ ਕੋਲ ਇਸ ਦੀ ਪ੍ਰਿੰਟ ਕਾਪੀ ਹੈ ਤਾਂ ਇਸ ਨੂੰ ਆਦਰ ਸਤਿਕਾਰ ਨਾਲ ਰਖਨਾ, ਇਸ ਵਿਚ ਗੁਰਬਾਣੀ ਹੈ, ਕ੍ਰਿਪਾ ਕਰਕੇ ਇਸ ਨੂੰ ਫਾੜਨਾ - ਸੁਟਣਾ ਨਹੀ ।

ਜਦ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਤਾ-ਗੱਦੀ ਬਖਸ਼ ਕੇ ਆਪਣਾ ਅੰਗ ਬਣਾਇਆ, ਤਾਂ ਇਹ ਸ਼ਬਦ-ਗੁਰੂ ਦੀ ਜੋਤਿ ਉਹਨਾਂ ਵਿੱਚ ਟਿਕਾ ਦਿੱਤੀ, ਅਤੇ ਇਸ ਤਰ੍ਹਾਂ ਦੂਜੇ ਪਾਤਸ਼ਾਹ ਰਾਹੀਂ ਇਸ ਰੂਹਾਨੀ ਜੋਤਿ (ਸ਼ਬਦ-ਗੁਰੂ) ਦਾ ਪ੍ਰਕਾਸ਼ ਹੋਣਾ ਸ਼ੁਰੂ ਹੋਇਆ ਅਤੇ ਇਸੇ ਤਰ੍ਹਾਂ ਬਾਕੀ ਸਾਰੇ ਗੁਰੂ ਸਾਹਿਬਾਨ ਰਾਹੀਂ ਸ਼ਬਦ-ਗੁਰੂ ਰੂਪ ਵਿਚ ਪ੍ਰਗਟ ਹੋਈ ਇਸ ਰੂਹਾਨੀ ਜੋਤਿ ਦਾ ਪ੍ਰਕਾਸ਼ ਹੁੰਦਾ ਰਿਹਾ। ਦਸਵੇਂ ਪਾਤਸ਼ਾਹ, ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਇਹ ਗੁਰਤਾ-ਗੱਦੀ , ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਖਸ਼ੀ ਅਤੇ ਇਸ ਰੂਹਾਨੀ ਜੋਤਿ (ਸ਼ਬਦ-ਗੁਰੂ) ਨੂੰ ਜੁਗੋ ਜੁਗ ਅੱਟਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੂਪ ਦਿੱਤਾ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਰਾਹੀਂ ਪ੍ਰਗਟੀ ਇਹ ਰੂਹਾਨੀ ਜੋਤਿ ਸੁਰਖਅਿਤ ਰੂਪ ਵਿਚ ਜੁਗੋ ਜੁਗ ਅਟੱਲ ਗੁਰੂ ਗ੍ਰੰਥ ਸਹਿਬ ਜੀ (ਜਿਸ ਨੂੰ ਪਹਿਲਾਂ ਆਦਿ ਗ੍ਰੰਥ ਕਿਹਾ ਜਾਂਦਾ ਸੀ) ਵਿੱਚ ਪ੍ਰਕਾਸ਼ਮਾਨ ਹੈ । ਹਰ ਸਿੱਖ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਪਰਤੱਖ ਗੁਰੂ ਹਨ।

ਸਿੱਖ ਧਰਮ (ਵਿਚਾਰਧਾਰਾ) ਮਨੁੱਖੀ ਆਤਮਾ ਨੂੰ ਮਾਇਆ ਦੇ ਚੁੰਗਲ ਤੋਂ ਬਾਹਰ ਕੱਢਣ ਦਾ ਇੱਕ ਗੰਭੀਰ ਯਤਨ ਕਰਦੀ ਹੈ। ਇਹ ਪਵਿੱਤਰ ਜੀਵਨ ਜੀਉਣ ਦਾ ਉਪਦੇਸ਼ ਬਖਸ਼ਦੀ ਹੈ, ਇਸ ਰਾਹੀਂ ਦਰਸਾਇਆ ਰਸਤਾ ਸਚਖੰਡ ਦਾ ਅਨੁਭਉ ਕਰਾਂਦਾ ਹੈ। ਗੁਰੂ ਨਾਨਕ ਦੇ ਧਰਮ ਦਾ ਉਪਦੇਸ਼ ਸੱਚੇ ਨਾਮ ਰਾਹੀਂ, ਸਮੁੱਚੀ ਮਾਨਵਜਾਤੀ ਨੂੰ ਇਸ ਦੁਖ-ਕਲੇਸ਼ ਦੇ ਗਹਿਰੇ ਸਮੁੰਦਰ ਵਿੱਚ ਡੁੱਬਣ ਤੋਂ ਬਚਾਉਂਦਾ ਹੈ ਤੇ ਮਾਇਆ ਦੀ ਮਾਰ ਤੋਂ ਬਚਾ ਕੇ ਆਤਮਾ ਨੂੰ ਪਰਮਾਤਮਾ (ਅਕਾਲ ਪੁਰਖ) ਦੇ ਲੜ ਲਾਉਂਦਾ ਹੈ, ਜਿਸ ਕਰਕੇ ਇਹ ਜੀਵ-ਆਤਮਾ, ਜਨਮ-ਮਰਨ ਦੇ ਗੇੜੇ ਤੋਂ ਮੁਕਤ ਹੋ ਜਾਏਗੀ ਤੇ ਸਾਰੇ ਰੋਗਾਂ ਤੇ ਦੁਖਾਂ-ਕਲੇਸ਼ਾਂ ਦਾ ਨਾਸ਼ ਹੋ ਜਾਏਗਾ। ਇਹ ਸਿੱਖੀ ਸਿਧਾਂਤ ਦਾ ਸਭ ਤੋਂ ਉੱਤਮ ਤੇ ਅਹਿਮ ਗੁਣ ਹੈ।

ਸਿੱਖ ਧਰਮ ਮੁਤਾਬਿਕ ਜੀਵਨ ਮੁਕਤੀ ਦਾ ਸਿਧਾਂਤ: ਆਮ-ਤੌਰ ਤੇ ਮੰਨੇ ਹੋਏ ਪ੍ਰਚਲਿਤ ਨਿਯਮ (ਕਰਮ ਕਾਂਡ - ਸਵਰਗ, ਨਰਕ ਆਦਿਕ) ਨੂੰ ਪਰਵਾਨ ਨਹੀਂ ਕਰਦਾ ਕਿਉਂਕਿ ਇਹ ਕਰਮ-ਕਾਂਡ ਦੇ ਸਿਧਾਂਤ ਅਕਾਲ ਪੁਰਖ ਦੇ ਦਇਆਲ ਹੋਣ ਦੇ ਵਡੇ ਗੁਣ ਨਾਲ ਮੇਲ ਨਹੀ ਰਖਦੇ । ਸਿੱਖੀ ਸਿਧਾਂਤ ਵਿਚ ਕਿਤੇ ਕੋਈ ਜ਼ਿਕਰ ਨਹੀ ਆਉਂਦਾ ਕਿ ਅਕਾਲ ਪੁਰਖ ਨੇ ਬਦਲੇ (ਵੈਰ ਵਿਰੋਧ) ਦੀ ਭਾਵਨਾ ਵਿੱਚ (ਕ੍ਰੋਧਿਤ ਹੋ ਕੇ) ਅੱਗ ਦਾ ਇੱਕ ਕੁੰਡ (ਨਰਕ) ਬਣਾਇਆ ਹੈ। ਸਿੱਖੀ ਸਿਧਾਂਤ ਮੁਤਾਬਿਕ ਤਾਂ ਗੁਰੂ ਦੇ ਦਰਸਾਏ ਰਾਹ ਤੇ ਚੱਲ ਕੇ ਅਤੇ ਅਕਾਲ-ਪੁਰਖ ਦੀ ਮਿਹਰ ਸਦਕਾ, ਕੀਤੇ ਹੋਏ ਕਰੋੜਾਂ ਪਾਪਾਂ ਦਾ ਨਾਸ਼ ਹੋ ਜਾਂਦਾ ਹੈ । ਵਾਹਿਗੁਰੂ ਦੇ ਸਿਮਰਨ ਅਤੇ ਉਸਦੇ ਗੁਣਾਂ ਦੀ ਸਿਫ਼ਤਿ-ਸਾਲਾਹ ਰਾਹੀਂ ਅਣਗਿਣਤ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਅਕਾਲ ਪੁਰਖ ਦੇ ਗੁਣਾਂ ਨੂੰ, ਜੀਵਨ ਵਿੱਚ ਧਾਰਣ ਕਰਣ ਨਾਲ ਪਾਪੀ ਬਖਸ਼ਿਆ ਜਾਂਦਾ ਹੈ, ਇਸ ਕਰਕੇ ਜੂਨਾਂ ਦਾ ਗੇੜ (ਬਾਰ ਬਾਰ ਜੰਮਣਾ ਤੇ ਮਰਣਾ) ਉਸ ਮਨੁਖ ਲਈ ਖਤਮ ਹੋ ਜਾਂਦਾ ਹੈ। ਧੰਨ ਹੈ ਗੁਰੂ ਨਾਨਕ ਦੀ ਸਿੱਖੀ ਜੋ ਅਕਾਲ ਪੁਰਖ ਦੀ ਮਿਹਰ ਤੇ ਬਖਸ਼ਿਸ਼ ਦਾ ਖੁਲਾਸਾ ਕਰਦੀ ਹੈ ।

**ਤਿਸੁ ਗੁਰ ਕਉ ਹਉ ਵਾਰਿਆ ਜਿਨਿ ਹਰਿ ਕੀ ਹਰਿ ਕਥਾ ਸੁਣਾਈ ॥** (ਗੁਰੂ ਗ੍ਰੰਥ ਸਾਹਿਬ ਜੀ, ਅੰਗ ੫੯੭)

"…. ਗੁਰੂ ਗ੍ਰੰਥ ਸਹਿਬ ਜੀ ਮਾਨਵਜਾਤੀ ਦੇ ਰੂਹਾਨੀ ਖਜ਼ਾਨੇ ਦਾ ਸਾਂਝਾ ਹਿੱਸਾ ਹੈ। ਇਹ ਜ਼ਰੂਰੀ ਹੈ ਕਿ ਇਸਨੂੰ ਸਿੱਧਾ ਹੀ ਬੇਅੰਤ ਲੋਕਾਂ ਦੇ ਨੇੜੇ ਲਿਆਇਆ ਜਾਏ…. ਆਉਣ ਵਾਲੇ ਸਮੇਂ ਦੀਆਂ ਧਾਰਮਿਕ ਚਰਚਾਵਾਂ ਵਿੱਚ, ਸਿੱਖੀ ਧਰਮ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦ ਨੇ ਸਾਰੇ ਸੰਸਾਰ ਵਾਸੀਆਂ ਨੂੰ ਕੁਝ ਖਾਸ-ਕੀਮਤੀ ਦਸਣਾ ਹੈ… ਗੁਰੂ ਨਾਨਕ ਲਈ, ਰੱਬ ਨੂੰ ਪਾਉਣ ਦਾ ਬੁਨਿਆਦੀ ਸੱਚ, ਆਪਣੀ ਇਛਾਵਾਂ ਨੂੰ ਤਿਆਗਣਾ ਹੈ ।"

**ਪ੍ਰੋ. ਅਰਨੋਲਡ ਟੌਨਬੀ** "ਸੈਕਰੈਡ ਰਾਇਟਿੰਗਸ ਔਫ ਸਿੱਖਸ" (ਯੂ.ਨੇ.ਏ.ਸਾ.ਕ.ਔ. ਪ੍ਰਕਾਸ਼ਿਤ) ਦਿ ਸਿੱਖ ਰਿਵਿਊ - ਅਕਤੂਬਰ ੯੭, ਪੰਨਾ ੧੨

"… ਅਸੀਂ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅਨੇਕਾਂ ਪ੍ਰਕਾਰ ਦੇ ਰੂਹਾਨੀ ਮਨੋਭਾਵ, ਹਾਜ਼ਿਰ ਨਾਜ਼ਿਰ ਅਕਾਲ ਪੁਰਖ ਦਾ ਅਨੁਭਉ ਅਤੇ ਅਪਣੇ ਪ੍ਰੀਤਮ ਪਿਆਰੇ ਦੀ ਅੰਮ੍ਰਿਤ ਬਾਣੀ ਪ੍ਰਾਪਤ ਕਰਦੇ ਹਾਂ। ਇਸ ਵਿੱਚ ਦਰਸਾਏ ਗਏ ਅਨੰਤ ਸੱਚ ਦੇ ਮਾਰਗ (ਜੋ ਤਾਜ਼ਗੀ ਦੀ ਭਾਵਨਾ ਤੇ ਭਗਤੀ ਦੇ ਉਦੱਮ (ਉਤਸ਼ਾਹ) ਨਾਲ ਭਰਪੂਰ ਹੈ) ਦੇ ਅੱਗੇ ਸਮੁੰਦਰਾਂ ਤੇ ਪਹਾੜਾਂ ਵਰਗੀਆਂ ਅੜਚਨਾਂ ਵੀ ਰਸਤਾ ਦੇ ਦਿੰਦੀਆਂ ਹਨ।"

**ਡਾ. ਐਸ. ਰਾਧਾ ਕ੍ਰਿਸ਼ਨ, ਰਾਸ਼ਟਰਪਤੀ, ਭਾਰਤ** ਦਿ ਸਿੱਖ ਰਿਵਿਊ - ਅਕਤੂਬਰ ੯੭, ਪੰਨਾ ੩੩

" ਗੁਰੂ ਗ੍ਰੰਥ ਸਾਹਿਬ ਜੀ ਸਾਰੀ ਸ੍ਰਿਸ਼ਟੀ ਤੇ ਰਾਸ਼ਟਰੀ ਦ੍ਰਿਸ਼ਟੀਕੋਣ ਵਾਸਤੇ ਇੱਕ ਮਿਸਾਲ ਹਨ ਅਤੇ ਆਤਮਿਕ ਸੱਚ ਨੂੰ ਪ੍ਰਾਪਤ ਕਰਣ ਲਈ ਇੱਕ ਗੰਭੀਰ ਖੋਜ ਹਨ ।"

**ਡਾ. ਰਜਿੰਦਰ ਪ੍ਰਸਾਦ, ਪਹਿਲੇ ਰਾਸ਼ਟਰਪਤੀ, ਭਾਰਤ** ਦਿ ਸਿੱਖ ਰਿਵਿਊ - ਅਕਤੂਬਰ ੯੭, ਪੰਨਾ ੫੯

" ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦ ਮਨੁੱਖ ਦੀ ਇਕਾਂਤਤਾ, ਖਾਹਸ਼, ਲਾਲਸਾ, ਪਰਮਾਤਮਾ ਲਈ ਤੜਪ ਤੇ ਉਸਨੂੰ ਮਿਲਣ ਦੀ ਭੁਖ ਦਰਸਾਉਂਦੇ ਹਨ । ਮੈਂ ਬਾਕੀ ਧਰਮ ਗ੍ਰੰਥ ਵੀ ਪੜ੍ਹੇ ਹਨ, ਪਰ ਕਿਸੇ ਵਿੱਚ ਵੀ ਇੰਨੀ ਸ਼ਕਤੀਸ਼ਾਲੀ ਵਿਚਾਰਧਾਰਾ ਨਹੀ ਹੈ, ਜੋ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਹੈ। ਇਹ ਸਾਡੇ ਦਿਲ ਤੇ ਮਨ ਉੱਪਰ ਸਿੱਧਾ ਅਸਰ ਕਰਦੀ ਹੈ। ਇਹ ਮੇਰੇ ਨਾਲ ਜਨਮ-ਮਰਨ ਬਾਬਤ, ਸਮੇਂ ਅਤੇ ਸਮੇਂ ਤੋ ਪਰੇ ਦੀਆਂ ਗੱਲਾਂ ਬਾਬਤ, ਉਮਰ ਨਾਲ ਵਧਦੇ ਇਸ ਸ਼ਰੀਰ ਤੇ ਉਸ ਦੀ ਜ਼ਰੂਰਤਾਂ, ਅਲੌਕਿਕ ਆਤਮਾ ਤੇ ਉਸਦੀ ਜ਼ਰੂਰਤਾਂ ਦੀ ਪੂਰਤੀ ਬਾਰੇ ਗੱਲ ਕਰਦੀ ਹੈ ।"

**ਮਿ. ਪਰਲ ਐਸ. ਬੱਕ, ਨੋਬਲ ਪੁਰਸਕਾਰ ਵਿਜੇਤਾ** ( ਰਿਵਿਊ ਔਨ ਗੁਰੂ ਗ੍ਰੰਥ) ਦਿ ਸਿੱਖ ਰਿਵਿਊ - ਸਿਤੰਬਰ ੯੭, ਪੰਨਾ ੭੩

ਜਰੂਰੀ ਬੇਨਤੀ:

ਜੇ ਆਪ ਜੀ ਕੋਲ ਇਸ ਦੀ ਪ੍ਰਿੰਟ ਕਾਪੀ ਹੈ ਤਾਂ ਇਸ ਨੂੰ ਆਦਰ ਸਤਿਕਾਰ ਨਾਲ ਰਖਣਾ, ਇਸ ਵਿਚ ਗੁਰਬਾਣੀ ਹੈ, ਕ੍ਰਿਪਾ ਕਰਕੇ ਇਸ ਨੂੰ ਫਾੜਨਾ - ਸੁਟਣਾ ਨਹੀ ।

ਵਿਦਵਾਨਾਂ ਦਾ ਮੰਨਣਾ ਹੈ ਕਿ ਹੇਠ ਲਿਖਿਆ ਹੁਕਮਨਾਮਾ ਉਸ ਵੇਲੇ ਆਇਆ ਸੀ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ ਗੱਦੀ ਬਖਸ਼ੀ -

## ॥ ਮਾਰੂ ਮਹਲਾ ੫ ॥

**ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ ॥ ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ ॥ ੧ ॥ ਅਬ ਮੋਹਿ ਜੀਵਨ ਪਦਵੀ ਪਾਈ ॥ ਚੀਤਿ ਆਇਓ ਮਨਿ ਪੁਰਖੁ ਬਿਧਾਤਾ ਸੰਤਨ ਕੀ ਸਰਣਾਈ ॥ ੧ ॥ ਰਹਾਉ ॥ ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ ਨਿਵਰੇ ਸਗਲ ਬੈਰਾਈ ॥ ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ ॥ ੨ ॥ ਸੁਖ ਸੀਤਲ ਸਰਧਾ ਸਭ ਪੂਰੀ ਹੋਏ ਸੰਤ ਸਹਾਈ ॥ ਪਾਵਨ ਪਤਿਤ ਕੀਏ ਖਿਨ ਭੀਤਰਿ ਮਹਿਮਾ ਕਥਨੁ ਨ ਜਾਈ ॥ ੩ ॥ ਨਿਰਭਉ ਭਏ ਸਗਲ ਭੈ ਖੋਏ ਗੋਬਿਦ ਚਰਣ ਓਟਾਈ ॥ ਨਾਨਕੁ ਜਸੁ ਗਾਵੈ ਠਾਕੁਰ ਕਾ ਰੈਣਿ ਦਿਨਸੁ ਲਿਵ ਲਾਈ ॥ ੪ ॥ ੬ ॥**

(ਅੰਗ ੧੦੦੦)

ਅਰਥ :

ਹੇ ਭਾਈ ! ਜਿਸ ਮਨੁੱਖ ਉੱਤੇ ਮਾਲਕ-ਪ੍ਰਭੂ ਦੀ ਮਿਹਰ ਹੁੰਦੀ ਹੈ, ਉਹ ਸਦਾ ਪਰਮਾਤਮਾ ਦੀ ਸਿਫਤਿ-ਸਾਲਾਹ ਦਾ ਗੀਤ ਗਾਂਦਾ ਰਹਿੰਦਾ ਹੈ, ਉਸ ਦਾ ਭਾਗ ਜਾਗ ਪੈਂਦਾ ਹੈ, ਉਸ ਦੀ ਦੌੜ-ਭੱਜ ਮੁੱਕ ਜਾਂਦੀ ਹੈ, ਉਹ ਮਨੁੱਖ ਪ੍ਰਭੂ-ਚਰਨਾਂ ਵਿਚ ਟਿਕਾਣਾ ਲੱਭ ਲੈਂਦਾ ਹੈ, ਉਸ ਦੀ ਸਾਰੀ ਭਟਕਣਾ ਦੂਰ ਹੋ ਜਾਂਦੀ ਹੈ ।੧।

ਹੇ ਭਾਈ! ਸੰਤ ਜਨਾਂ ਦੀ ਸਰਨ ਪੈਣ ਕਰਕੇ ਮੇਰੇ ਮਨ ਵਿਚ ਮੇਰੇ ਚਿੱਤ ਵਿਚ ਸਰਬ-ਵਿਆਪਕ ਸਿਰਜਣਹਾਰ ਪ੍ਰਭੂ ਆ ਵੱਸਿਆ ਹੈ, ਹੁਣ ਮੈਂ ਆਤਮਕ ਜੀਵਨ ਵਾਲਾ ਦਰਜਾ ਪ੍ਰਾਪਤ ਕਰ ਲਿਆ ਹੈ।੧।ਰਹਾਉ।

ਹੇ ਭਾਈ! (ਜਿਹੜਾ ਮਨੁੱਖ ਸੰਤ ਜਨਾਂ ਦੀ ਸਰਨ ਪੈਂਦਾ ਹੈ ਉਹ ਆਪਣੇ ਅੰਦਰੋਂ) ਕਾਮ ਕ੍ਰੋਧ ਲੋਭ ਮੋਹ (ਆਦਿਕ ਸਾਰੇ ਵਿਕਾਰ) ਦੂਰ ਕਰ ਲੈਂਦਾ ਹੈ, ਉਸ ਦੇ ਇਹ ਸਾਰੇ ਹੀ ਵੈਰੀ ਦੂਰ ਹੋ ਜਾਂਦੇ ਹਨ। ਸਭ ਨੂੰ ਹਰ ਵੇਲੇ ਅੰਗ-ਸੰਗ ਜਾਪਦਾ ਹੈ, ਕਿਸੇ ਭੀ ਥਾਂ ਤੋਂ ਉਸ ਨੂੰ ਉਹ ਪ੍ਰਭੂ ਦੂਰ ਨਹੀਂ ਜਾਪਦਾ ।੨।

ਹੇ ਭਾਈ! ਸੰਤਾਂ ਦੀ ਵਡਿਆਈ ਬਿਆਨ ਨਹੀਂ ਕੀਤੀ ਜਾ ਸਕਦੀ, ਸੰਤ ਜਨ ਵਿਕਾਰੀਆਂ ਨੂੰ ਇਕ ਖਿਨ ਵਿਚ ਪਵਿੱਤਰ ਕਰ ਦੇਂਦੇ ਹਨ। ਸੰਤ ਜਨ ਜਿਸ ਮਨੁੱਖ ਦੇ ਮਦਦਗਾਰ ਬਣਦੇ ਹਨ, ਉਸ ਦੇ ਅੰਦਰ ਹਰ ਵੇਲੇ ਠੰਢ ਤੇ ਆਨੰਦ ਬਣਿਆ ਰਹਿੰਦਾ ਹੈ, ਉਸ ਦੀ ਹਰੇਕ ਮੰਗ ਪੂਰੀ ਹੋ ਜਾਂਦੀ ਹੈ ।੩।

ਹੇ ਭਾਈ! ਜਿਨ੍ਹਾਂ ਮਨੁੱਖਾਂ ਨੇ ਪਰਮਾਤਮਾ ਦੇ ਚਰਨਾਂ ਦਾ ਆਸਰਾ ਲੈ ਲਿਆ, ਉਹਨਾਂ ਦੇ ਸਾਰੇ ਡਰ ਦੂਰ ਹੋ ਗਏ, ਉਹ ਨਿਰਭਉ ਹੋ ਗਏ। ਹੇ ਭਾਈ! ਨਾਨਕ ਭੀ ਦਿਨ ਰਾਤ ਸੁਰਤਿ ਜੋੜ ਕੇ ਮਾਲਕ-ਪ੍ਰਭੂ ਦੀ ਸਿਫਤਿ-ਸਾਲਾਹ ਦੀ ਗੀਤ ਗਾਂਦਾ ਰਹਿੰਦਾ ਹੈ ।੪।੬।

ਜਰੂਰੀ ਬੇਨਤੀ:
ਜੇ ਆਪ ਜੀ ਕੋਲ ਇਸ ਦੀ ਪ੍ਰਿੰਟ ਕਾਪੀ ਹੈ ਤਾਂ ਇਸ ਨੂੰ ਆਦਰ ਸਤਿਕਾਰ ਨਾਲ ਰਖਣਾ, ਇਸ ਵਿਚ ਗੁਰਬਾਣੀ ਹੈ, ਕ੍ਰਿਪਾ ਕਰਕੇ ਇਸ ਨੂੰ ਫਾੜਨਾ - ਸੁਟਣਾ ਨਹੀ ।

# ਸਰਗਰਮੀਆਂ

ਸਤਿਕਾਰ ਯੋਗ ਸਾਧ-ਸੰਗਤ ਜੀ, ਆਪ ਜੀ ਨੂੰ ਪਤਾ ਹੀ ਹੈ ਕਿ ਗੁਰਮਤਿ ਸਟੱਡੀ- ਮਾਸਿਕ ਈ-ਜ਼ਾਈਨ ਦੀ ਵਿਧੀਵੱਧ ਆਰੰਭਤਾ ੩ ਸਤੰਬਰ ੨੦੦੬ ਨੂੰ ਕੀਤੀ ਗਈ ਸੀ, ਹੇਠਾਂ ਉਨ੍ਹਾਂ ਯਾਦਗਾਰ ਪਲ੍ਹਾਂ ਦੀਆਂ ਕੁੱਝ ਝਲਕੀਆਂ ਆਪ ਵਾਸਤੇ ਪੇਸ਼ ਕਰ ਰਹੇ ਹਾਂ -

## ਵਿਧੀਵੱਧ ਆਰੰਭਤਾ:




ਨਾਲ ਦੀ ਤਸਵੀਰ ਵਿਚ ਨਜ਼ਰ ਆਉਂਦੇ ਹਨ - ਗਿਆਨੀ ਸਾਹਿਬ ਸਿੰਘ ਜੀ (ਪ੍ਰਿੰਸੀਪਲ ਗੁਰਮਤਿ ਵਿਦਿਆਲਾ - ਸ਼ਾਹਬਾਦ ਮਾਰਕੰਡਾ), ਜੋ ਗੁਰਮਤਿ ਸਟੱਡੀ-ਮਾਸਿਕ ਈ-ਜ਼ਾਈਨ ਦੇ ਪਹਿਲੇ ਅੰਕ ਨੂੰ ਸੰਗਤਾਂ ਵਿੱਚ ਪ੍ਰਕਾਸ਼ਿਤ ਕਰ ਰਹੇ ਹਨ, ਉਹਨਾਂ ਦੇ ਨਾਲ ਹੀ ਖੜੇ ਹਨ ਸ. ਕੁਲਵੰਤ ਸਿੰਘ ਜੀ (ਸਕੱਤਰ ਅਤੇ ਮੈਂਬਰ ਧਰਮ ਪ੍ਰਚਾਰ ਕਮੇਟੀ- ਸ੍ਰੀ ਗੁਰੂ ਸਿੰਘ ਸਭਾ ਦਾਦਰ ਮੁੰਬਈ) ਅਤੇ ਨਾਲ ਹੀ ਦਿਖਾਈ ਦੇ ਹਨ ਪ੍ਰੋ. ਗੁਰਦਿਆਲ ਸਿੰਘ ਜੀ (ਵਾਈਸ ਪ੍ਰਿੰਸੀਪਲ ਅਤੇ ਹੇਡ ਔਫ ਫਿਜ਼ਿਕਸ ਡਿਪਾਰਟਮੈਂਟ - ਗੁਰੂ ਨਾਨਕ ਖਾਲਸਾ ਕਾਲਜ ਮੁੰਬਈ)




## ਪ੍ਰਕਾਸ਼ ਪੁਰਬ ਸਮਾਗਮ (ਮੁੰਬਈ ਤੇ ਔਰੰਗਾਬਾਦ)

ਗੁਰਮਤਿ ਸਟੱਡੀ ਟੀਮ ਨੇ ਮੁੰਬਈ ਅਤੇ ਔਰੰਗਾਬਾਦ ਦੇ ਵਖੋ ਵੱਖ ਇਲਾਕਿਆਂ ਵਿੱਚ ਕੀਤੇ ਗਏ ਪ੍ਰਕਾਸ਼ ਪੁਰਬ ਸਮਾਗਮਾਂ ਵਿੱਚ ਵੱਧ ਚੜ ਕੇ ਹਿੱਸਾ ਪਾਇਆ । ਇਨ੍ਹਾਂ ਸਮਾਗਮਾਂ ਵਿੱਚ ਪ੍ਰਸਿੱਧ ਪ੍ਰਚਾਰਕ ਗਿਆਨੀ ਸਾਹਿਬ ਸਿੰਘ ਜੀ (ਸ਼ਾਹਬਾਦ ਮਾਰਕੰਡਾ) ਅਤੇ ਪ੍ਰੋ. ਮਨਿੰਦਰਪਾਲ ਸਿੰਘ ਜੀ (ਸੀਨੀਅਰ ਪ੍ਰੋਫੈਸਰ-ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ-ਰੋਪੜ) ਨੇ ਗੁਰਮਤਿ ਵਿਚਾਰ ਪੇਸ਼ ਕੀਤੇ। ਗੁਰਮਤਿ ਸਟੱਡੀ ਟੀਮ ਨੇ ਗੁਰਮਤਿ ਸ਼ਬਦਾਂ ਅਤੇ ਅਰਥਾਂ ਨੂੰ ਮਲਟੀ-ਮੀਡੀਆ ਰਾਹੀਂ ਵੱਡੇ ਪੜਦੇ ਤੇ ਸੰਗਤਾਂ ਲਈ ਪੇਸ਼ ਕੀਤਾ।

## ਸੈਮੀਨਾਰ: ਗੁਰੂ ਗ੍ਰੰਥ ਸਾਹਿਬ - ਵਿਸ਼ਵ ਸ਼ਾਂਤੀ ਦਾ ਮਸੀਹਾ

'ਗੁਰੂ ਗ੍ਰੰਥ ਸਾਹਿਬ ਜੀ - ਵਿਸ਼ਵ ਸ਼ਾਂਤੀ ਦਾ ਮਸੀਹਾ'- ਸੈਮੀਨਾਰ, ਗੁਰਮਤਿ ਸਟੱਡੀ ਟੀਮ ਨੇ ਹੋਰ ਕਈ ਜਥੇਬੰਦੀਆਂ ਨਾਲ ਮਿਲ ਕੇ ਇਸ ਵਿਸ਼ੇਸ਼ ਸਮਾਗਮ ਦਾ ਆਯੋਜਨ ੩ ਸਤੰਬਰ ੨੦੦੬ ਨੂੰ ਕੀਤਾ। ਪੂਰਾ ਸੈਮੀਨਾਰ ਸਾਰੀ ਸੰਗਤਾਂ ਲਈ ਇਕ ਅਲੌਕਿਕ ਅਨੁਭਉ ਸੀ। ਇਨ੍ਹਾਂ ਸਾਰੇ ਸਮਾਗਮਾਂ ਦੀ ਵੀਡੀਓ ਸੀਡੀ (VCD) ਛੇਤੀ ਹੀ ਸੰਗਤਾਂ ਲਈ ਜਾਰੀ ਕੀਤੀ ਜਾਏਗੀ ।









**ਪ੍ਰੋ. ਮਨਿੰਦਰਪਾਲ ਸਿੰਘ**
ਸੀਨੀਅਰ ਪ੍ਰੋਫੈਸਰ
ਸਾਹਿਬਜ਼ਾਦਾ ਜੁਝਾਰ ਸਿੰਘ
ਗੁਰਮਤਿ ਮਿਸ਼ਨਰੀ ਕਾਲਜ
ਰੋਪੜ

**ਡਾ: ਚਰਨਕਮਲ ਸਿੰਘ**
ਚੀਫ ਸਕੱਤਰ,
ਗੁਰੂ ਗੋਬਿੰਦ ਸਿੰਘ
ਸਟੱਡੀ ਸਰਕਲ,
ਲੁਧਿਆਣਾ

**ਸ. ਜਗਜੀਤ ਸਿੰਘ ਕੋਹਲੀ**
ਸੀ.ਈ.ਓ.
ਈਟੀਸੀ ਚੈਨਲ
ਪੰਜਾਬੀ

**ਗਿਆਨੀ ਸਾਹਿਬ ਸਿੰਘ**
ਪ੍ਰਿੰਸੀਪਲ
ਗੁਰਮਤਿ ਵਿਦਿਆਲਾ
ਸ਼ਾਹਬਾਦ ਮਾਰਕੰਡਾ

**ਡਾ: ਸੁਰਜੀਤ ਕੌਰ**
ਪ੍ਰੋਫੈਸਰ, ਡਿਪਾਰਮੈਂਟ
ਔਫ ਫਿਲਾਸਫੀ
ਪੁਨੇ ਯੁਨੀਵਰਸਿਟੀ,
ਮਹਾਰਾਸ਼ਟਰਾ

**ਪ੍ਰੋ. ਗੁਰਦਿਆਲ ਸਿੰਘ**
ਵਾਇਸ ਪ੍ਰਿੰਸੀਪਲ, ਹੈਡ ਔਫ
ਫਿਜ਼ਿਕਸ ਡਿਪਾਰਟਮੈਂਟ
ਗੁਰੂ ਨਾਨਕ ਖਾਲਸਾ ਕਾਲਜ
ਮੁੰਬਈ

---

ਅਸੀਂ ਸਾਰੇ ਮੈਂਬਰ ਅਤੇ ਇਸ ਈ-ਜ਼ਾਇਨ ਨੂੰ ਪੜਨ ਵਾਲਿਆਂ ਪਾਸੋ ਵਿਚਾਰ, ਸੁਝਾਵ ਅਤੇ ਰਾਇ ਪ੍ਰਾਪਤ ਕਰਨਾ ਚਾਹੁੰਦੇ ਹਾਂ। ਜੇ ਆਪ ਜੀ ਨੂੰ ਇਹ ਈ-ਜ਼ਾਇਨ ਪਸੰਦ ਆਈ ਹੈ ਤਾਂ ਇਸ ਨੂੰ ਆਪਣੇ ਕੋਲ ਸੀਮਿਤ ਨਾ ਰਖ ਕੇ, ਹੋਰਨਾਂ ਨੂੰ ਵੀ ਭੇਜੋ। ਤੁਹਾਨੂੰ ਜੇ ਈ-ਜ਼ਾਇਨ ਕਿਸੇ ਰਾਹੀਂ ਪ੍ਰਾਪਤ ਹੋਈ ਹੈ ਤਾਂ ਤੁਸੀਂ gurmatstudy@gmail.com ਨੂੰ ਈ-ਮੇਲ ਲਿਖ ਕੇ ਇਸ ਦੇ ਮੈਂਬਰ ਬਣ ਸਕਦੇ ਹੋ ਤੇ ਹਰ ਮਹੀਨੇ ਇਸਦੀ ਕਾਪੀ ਈ-ਮੇਲ ਵਿਚ ਮੰਗਾ ਸਕਦੇ ਹੋ।

## ਜਰੂਰੀ ਬੇਨਤੀ:

ਜੇ ਆਪ ਜੀ ਕੋਲ ਇਸ ਦੀ ਪ੍ਰਿੰਟ ਕਾਪੀ ਹੈ ਤਾਂ ਇਸ ਨੂੰ ਆਦਰ ਸਤਿਕਾਰ ਨਾਲ ਰਖਣਾ, ਇਸ ਵਿਚ ਗੁਰਬਾਣੀ ਹੈ, ਕ੍ਰਿਪਾ ਕਰਕੇ ਇਸ ਨੂੰ ਫਾੜਨਾ - ਸੁਟਣਾ ਨਹੀ ।